ਵੈਲਨਟਾਈਨ ਦਿਵਸ ਬਨਾਮ ਭਾਰਤੀ ਸੰਸਕ੍ਰਿਤੀ

ਐੱਚ.ਐੱਸ.ਡਿੰਪਲ

ਹਰ ਸਾਲ ਵਿਸ਼ਵ ਭਰ ਵਿਚ 14 ਫਰਵਰੀ ਨੂੰ ਵੈਲਨਟਾਈਨ ਦਿਵਸ ਮਨਾਇਆ ਜਾਂਦਾ ਹੈ। ਅਸਲ ਵਿਚ ਪੱਛਮੀ ਦੇਸ਼ਾਂ ਦੇ ਵਿਚ ਬਸੰਤ ਦਾ ਮੌਸਮ 14 ਫਰਵਰੀ ਨੂੰ ਆਰੰਭ ਹੁੰਦਾ ਹੈ ਅਤੇ ਬਸੰਤ ਰੁੱਤ ਨੂੰ ਪ੍ਰੇਮ, ਖੁਸ਼ੀ, ਰੋਮਾਂਸ ਦਾ ਪ੍ਰਤੀਕ ਅਤੇ ਦਿਲ ਦੀਆਂ ਉਮੰਗਾਂ ਨੂੰ ਛੇੜਣ ਵਾਲਾ ਮੌਸਮ ਮੰਨਿਆਂ ਜਾਂਦਾਹੈ ਅਤੇ ਇਸੇ ਲਈ ਵੈਲਨਟਾਈਨ ਦਿਵਸ ਇਸ ਮੌਸਮ ਦੇ ਪਹਿਲੇ ਦਿਨ ਮਨਾਉਣ ਦੀ ਪਰੰਪਰਾ ਹੈ। ਭਾਰਤ ਦੇ ਵਿਚ ਵੀ ਵੈਲਨਟਾਈਨ ਦਿਵਸ ਬਸੰਤ ਰੁੱਤ ਦੇ ਵਿਚ ਹੀ ਪੈਂਦਾ ਹੈ। ਇਸ ਮੌਸਮ ਦੇ ਵਿਚ ਠੰਡੀ ਠੰਢੀ ਹਵਾ ਚੱਲਦੀ ਹੈ ਅਤੇ ਚਾਰੇ ਪਾਸੇ ਹਰਿਆ ਲੀ ਅਤੇ ਤਾਜ਼ਗੀ ਹੁੰਦੀ ਹੈ। ਰੁਖਾਂ ਐਤ ਪੌਦਿਆਂ ਦੇ ਨਵੇਂ ਪੱਤੇ ਨਿਕਲ ਆਉਂਦੇ ਹਨ ਅਤੇਹਰ ਫੁੱਲ ਆਪਣੇ ਜੋਬਨ ਕਾਲ ਵਿਚ ਦਿਖਆਈ ਦਿੰਦਾ ਹੈ। ਪ੍ਰਾਕਿਰਤੀ ਵੀ ਪੂਰੀ ਤਰਾਂ ਖਿੜੀ ਹੁੰਦੀ ਹੈ। ਸਰੋਂ ਦੇ ਪੀਲੇ ਕੇਸਰੀ ਫੁੱਲ ਦੇਖ ਕੇ ਮਨ ਪੂਰੀ ਤਰਾਂ ਖੁਸ਼ ਹੋ ਜਾਂਦਾ ਹੈ। ਭਾਰਤ ਦੇ ਵਿਚ ਲੋਕ ਬਸੰਤ ਪੰਚਮੀ ਦੇ ਦਿਨ ਪੀਲੇ ਕੱਪੜੇ ਪਹਿਣਦੇ ਹਨ, ਪੀਲੇ ਚਾਵਲ ਖਾਦੇ ਹਨ ਅਤੇ ਪਤੰਗਬਾਜ਼ੀ ਵੀ ਕੀਤੀ ਜਾਂਦੀ ਹੈ। ਕਈ ਲੋਕ ਗਿਆ ਨ ਦੀ ਦੇਵੀ ਸਰਸਵਤੀ ਦੀ ਪੂਜਾ ਵੀ ਕਰਦੇ ਹਨ ਅਤੇ ਪੂਜਾ ਆਰਾਧਨਾ ਕਰਕੇ ਅਗਿਆਨ ਰੂਪੀ ਹਨੇਰੇ ਤੋਂ ਛੁਟਕਾਰਾ ਪਾਉਣ ਲਈ ਕਾਮਨਾ ਕਰਦੇ ਹਨ। ਪੱਛਮੀ ਦੇਸ਼ਾਂ ਵਿਚ ਵੀ ਮਿਊਜ ਭਾਵ ਸਿਖਿਆ ਦੀ ਦੇਵੀ (ਭਾਰਤੀਆਂ ਲਈ ਸਰਸਵਤੀ) ਦੀ ਪੂਜਾ ਇਸ ਦਿਨ ਕੀਤੀ ਜਾਂਦੀ ਹੈ ਅਤੇ ਇਸ ਨੂੰ ਵੈਲਨਟਾਈਨ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਵਿਦੇਸ਼ਾਂ ਵਿਚ ਇਸ ਦਿਨ ਦਾ ਬਹੁਤ ਮਹੱਤਵ ਮੰਨਿਆਂ ਜਾਂਦਾ ਹੈ। ਕ੍ਰਿਸਮਸ ਦੇ ਵਾਂਗ ਇਹ ਤਿਓਹਾਰ ਬੜੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਅਤੇ ਇਕ ਦੂਹੇ ਨੂੰ ਉਪਹਾਰ, ਵਧਾਈ ਪੱਤਰ ਤੇ ਸੁਖ਼ਤ ਭੇਜ ਕੇ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਜਾਂ ਸਾਂਝੀਆਂ ਕਰਨ ਦਾ ਇਹ ਸੁਨਿਹਰੀ ਅਵਸਰ ਮੰਨਿਆਂ ਜਾਂਦਾ ਹੈ। ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਇਸ ਦਿਨ ਨੌਜਵਾਨ ਜੋੜੇ ਆਪਣੇ ਦਿਲ ਦੀ ਗੱਲ ਆਪਣੇ ਮਹਿਬੂਬ ਜਾਂ ਮਹਿਬੂਬਾ ਨੂੰ ਕਹਿ ਸਕਦੇ ਹਨ ਅਤੇ ਇਹ ਜੁਬਾਨੀ ਜਾਂ ਲਿਖਤੀ ਤੌਰ ਤੇ ਕਿਸੇ ਵੀ ਤਰ੍ਹਾਂ ਹੋ ਸਕਦਾ ਹੈ। ਕਿਸੇ ਵੀ ਲੜਕੀ ਜਾਂ ਲੜਕੇ ਵਲੋਂ ਪ੍ਰਪੋਜਲ ਮਿਲਣ ਤੇ ਇਤਰਾਜ਼ ਨਹੀਂ ਕੀਤਾ ਜਾਂਦਾ ਅਤੇ ਇਜ਼ਹਾਰ ਜਾਂ ਇਨਕਾਰ ਦਾ ਜਵਾਬ ਭੇਜ ਦਿੱਤਾ ਜਾਂਦਾ ਹੈ ਅਤੇ ਜੇ ਨਾ ਵੀ ਜਵਾਬ ਮਿਲੇ ਤਾਂ ਇਨਕਾਰ ਹੀ ਸਮਝਿਆ ਜਾਂਦਾ ਹੈ। ਭਾਵੇਂ ਕਿ ਭਾਰਤ ਦੇ ਵਿਚ ਪ੍ਰੇਮ ਅਤੇ ਇਸ਼ਕ ਨੂੰ ਐਨੀ ਮਾਨਤਾ ਨਹੀਂ ਹੈ ਪਰ ਪੱਛਮੀ ਪ੍ਰਭਾਵ ਦੇ ਕਾਰਨ ਇਹ ਪੱਛਮੀ ਪਰੰਪਰਾ ਆਧੁਨਿਕਤਾ ਦੇ ਜਾਮੇ ਵਿਚ ਸਾਡੇ ਤੇ ਹਾਵੀ ਹੋ ਰਹੀ ਹੈ ਅਤੇ ਇਸ ਨੂੰ ਸਟੇਟੱਸ ਸਿੰਬਲ (ਆਧੁਨਿਕਤਾ ਦਾ ਪ੍ਰਤੀਕ) ਮੰਨ ਕੇ ਕਈ ਵੱਡੇ (ਅਤੇ ਹੁਣ ਤਾਂ ਮੱਧ ਵਰਗੀ ਅਤੇ ਨਿਮਨ ਵਰਗ ਵੀ) ਘਰਾਂ ਦੇ ਮਾਪੇ ਆਪਣੇ ਬੱਚਿਆਂ ਜਨੂੰ ਇਸ ਦੀ ਇਜ਼ਾਜ਼ਤ ਦੇ ਰਹੇ ਹਨ। ਫ਼ਿਲਮਾਂ ਅਤੇ ਮੀਡੀਆ ਦੇ ਅਸਰ ਕਰਕੇ ਵੀ ਲੋਕਾਂ ਦੇ ਸੱਭਿਆਤਾ ਅਤੇ ਸੰਸਕ੍ਰਿਤੀ ਪ੍ਰਤੀ ਮਾਪਦੰਡ ਬਦਲ ਗਏ ਹਨ।

ਸਾਡਾ ਭਾਰਤ ਦਾ ਸੱਭਿਆਚਾਰ ਪੱਛਮੀ ਸੱਭਿਆਚਾਰ ਤੋਂ ਐਨ ਭਿੰਨ ਹੈ। ਭਾਰਤੀ ਸੰਸਕ੍ਰਿਤੀ, ਵਿਰਸਾ ਅਤੇ ਸੱਭਿਆਚਾਰ ਦੀ ਆਪਣੀ ਵੱਖਰੀ ਪਹਿਚਾਣ ਹੈ। ਵਿਦੇਸ਼ੀ ਸੱਭਿਆਚਾਰ ਵਿਚ ਖੁੱਲ੍ਹਾਪਣ ਹੈ, ਆਜ਼ਾਦੀ ਹੈ, ਬੰਧਨ ਰਹਿਤ ਸਮਾਜ ਦੀ ਪਰੰਪਰਾ ਹੈ। ਧਰਮ ਅਤੇ ਵਿਰਸੇ ਦਾ ਅਸਰ ਘੱਟ ਹੈ। ਇਸ ਦੇ ਉਲਟ ਭਾਰਤੀ ਸੰਸਕ੍ਰਿਤੀ ਦੀ ਆਪਣੀ ਰਹਿਤ-ਮਰਿਯਾਦਾ ਹੈ। ਸਮਾਜਿਕ ਸਿਧਾਂਤ ਅਤੇ ਨਿਯਮ ਹੈ। ਅਜਿਹੀ ਹਾਲਤ ਵਿਚ ਭਾਰਤ ਵਿਚ ਵੈਲਨਟਾਈਨ ਦਿਵਸ ਵਰਗੇ ਦਿਨ ਮਨਾਉਣੇ ਭਾਰਤੀ ਸੰਸਕ੍ਰਿਤੀ ਦਾ ਖਿਲਵਾੜ ਕਰਨਾ ਜਾਂ ਇਸਦਾ ਮਜ਼ਾਕ ਉਡਾਉਣਾ ਹੈ। ਕੁਝ ਲੋਕ ਇਸ ਪਿੱਛੇ ਇਹ ਤਰਕ ਦਿੰਦੇ ਹਨ ਕਿ ਇਸ ਨਾਲ ਕੌਮੀ ਪੱਧਰ ਤੇ ਏਕਤਾ ਨੂੰ ਬਲ ਮਿਲਦਾ ਹੈ ਅਤੇ ਕੌਮਾਂਤਰੀ ਭਾਵਨਾ ਵਿਕਸਤ ਹੁੰਦੀ ਹੈ। ਸੋਚਣ ਵਾਲੀ ਗੱਲ ਹੈ: ਕੀ ਅੰਗਰੇਜ਼ ਜਾਂ ਪੱਛਮੀ ਲੋਕ ਸਾਡੇ ਤਿਓਹਾਰ ਮਨਾਉਂਦੇ ਹਨ ? ਜੇ ਨਹੀਂ ਤਾਂ ਫਿਰ ਪੱਛਮੀ ਸੱਭਿਅਤਾ ਦੇ ਹਰ ਪ੍ਰਭਾਵ ਨੂੰ ਅੱਖਾਂ ਮੂੰਦ ਕੇ ਕਬੂਲਣਾ ਚੰਗੀ ਗੱਲ ਹੈ ? ਅਸੀਂ ਆਪਣਾ ਅਮੀਰ ਪਹਿਰਾਵਾ ਛੱਡ ਕੇ ਜ਼ੀਨਾਂ, ਸ਼ਰਟਾਂ-ਪੈਂਟਾਂ ਪਹਿਣਨ ਲੱਗੇ ਹਾਂ। ਕੁੜੀਆਂ ਨੇ ਵਾਲ ਕਟਵਾਉਣੇ ਸ਼ੁਰੂ ਕਰ ਦਿੱਤੇ ਹਨ। ਸ਼ਹਿਰਾਂ ਵਿਚ ਜਾ ਕੇ ਵੇਖੋ, 60 × ਕੁੜੀਆਂ ਸਿਗਰਟ ਪੀਂਦੀਆਂ ਹਨ, ਅਤੇ ਸ਼ਰਾਬ ਦਾ ਖੁਲ੍ਹੇਆਮ ਸੇਵਨ ਕਰਦੀਆਂ ਹਨ। ਨੱਬੇ ਫ਼ੀਸਦੀ ਕੁੜੀਆਂ ਨੇ ਵਾਲ ਮੁੰਡਿਆਂ ਵਾਂਗ ਜਾਂ ਗਲੇ ਤੱਕ ਕਟਵਾਏ ਹੋਏ ਹਨ ਅਤੇ ਬਾਕੀਆਂ ਨੇ ਟਰਿੱਮ ਕਰਵਾਏ ਹੋਏ ਹਨ। ਕੀ ਇਹ ਸਾਡੀ ਸੱਭਿਅਤਾ ਹੈ ?

ਰਹਿੰਦੀ ਖੂੰਹਦੀ ਕਸਰ ਇਹ ਵੈਲਨਟਾਈਨ ਦਿਵਸ ਵਰਗੇ ਤਿਓਹਾਰ ਕੱਢ ਦਿੰਦੇ ਹਨ। ਅਸਲ ਵਿਚ ਇਸ ਸਭ ਨੂੰ ਬਲ ਦੇਣ ਵਿਚ ਵਪਾਰਕ ਕਿਸਮ ਦੇ ਲੋਕਾਂ ਦਾ ਸਭ ਤੋਂ ਵੱਧ ਹੱਥ ਹੈ। ਇਸ ਵਿਚ ਕੋਈ ਝੂਠ ਨਹੀਂ ਕਿ ਮਾਨਵੀ ਸੁਭਾਅ ਚੰਗੇ ਮਾੜੇ ਪ੍ਰਭਾਵ ਕਬੂਲਦਾ ਰਹਿੰਦਾ ਹੈ ਅਤੇ ਲੋੜ ਅਤੇ ਸਮੇਂ ਅਨੁਸਾਰ ਬਦਲਣਾ ਮਾੜਾ ਵੀ ਨਹੀਂ। ਪਰ ਜਦੋਂ ਤੱਕ ਸਾਨੂੰ ਕਿਸੇ ਕਿੱਸੇ ਦੀ ਬੁਨਿਆਦ ਜਾਂ ਇਸਨੂੰ ਚਰਚਾ ਵਿਚ ਲਿਆਉਣ ਵਾਲੇ ਕਾਰਣਾਂ, ਕਾਰਕਾਂ ਅਤੇ ਤੱਤਾਂ ਬਾਰੇ ਪੂਰੀ ਜਾਣਕਾਰੀ ਹਾਸਲ ਨਾ ਕਰ ਲਈਏ ਤਾਂ ਇਸ ਬਾਰੇ ਅਸੀਂ ਕੁਝ ਵੀ ਪੂਰੇ ਯਕੀਨ ਨਾਲ ਨਹੀਂ ਕਹਿ ਸਕਦੇ। ਵਪਾਰੀਆਂ ਦਾ ਕੰਮ ਪੈਸੇ ਕਮਾਉਣਾ ਹੁੰਦਾ ਹੈ। ਪੱਛਮੀ ਸੱਭਿਅਤਾ ਨੂੰ ਪ੍ਰਚਾਰ ਕਰਨ ਪਿੱਛੇ ਉਨ੍ਹਾਂ ਦਾ ਮਨੋਰਥ ਆਪਣੇ ਬਨਾਵਟੀ ਰਸਾਇਣਾਂ, ਕਰੀਮਾਂ, ਵਸਤਾਂ, ਸੁੰਦਰਤਾ ਪ੍ਰਸਾਧਨਾਂ ਅਤੇ ਤਕਨੀਕਾਂ ਜਾਂ ਡਿਜ਼ਾਈਨਾਂ ਨੂੰ ਵੇਚਣਾ ਹੁੰਦਾ ਹੈ ਅਤੇ ਇਨ੍ਹਾਂ ਨੂੰ ਬਹੁਤ ਹੀ ਭਾਰੀ ਭਾਅ ਤੇ ਵੇਚਣ ਲਈ ਉਸ ਦੀ ਮਸ਼ਹੂਰੀ ਕੀਤੀ ਜਾਂਦੀ ਹੈ। ਭਾਰਤੀ ਸੱਭਿਅਤਾ ਅਨੁਸਾਰ ਨਜ਼ਾਇਜ਼ ਤੱਤਾਂ ਜਾਂ ਵਸਤਾਂ ਨੂੰ ਜ਼ਾਇਜ਼ ਸਿੱਧ ਕਰਨ ਲਈ ਫ਼ਿਲਮਾਂ ਜਾਂ ਫ਼ਿਲਮੀ ਕਲਾਕਾਰਾਂ ਦਾ ਸਹਾਰਾ ਲਿਆ ਜਾਂਦਾ ਹੈ। ਵੈਲਨਟਾਈਨ ਦਿਵਸ ਨੂੰ ਚਰਚਾ ਵਿਚ ਲਿਆਉਣ ਪਿੱਛੇ ਵੀ ਇਹੀ ਸੌੜੀ ਰਾਜਨੀਤੀ ਅਤੇ ਪੈਸੇ ਦੀ ਖੇਡ ਕੰਮ ਕਰਦੀ ਹੈ। ਕਾਰਡ, ਫਾਸਟ ਫੂਡ ਅਤੇ ਹੋਰ ਨਿੱਕ ਸੁੱਕ ਵੇਚਣ ਲਈ ਸੰਭਾਵਿਤ ਖਰੀਦਦਾਰ ਵਰਗ ਨੂੰ ਪ੍ਰਭਾਵਤ ਕਰਨ ਲਈ ਸਭ ਪਾਪੜ ਵੇਲੇ ਜਾਂਦੇ ਹਨ।/ ਅਸੀਂ ਜਾਣਦੇ ਹਾਂ ਕਿ ਵੈਲਨਟਾਈਨ ਦਿਵਸ ਨੂੰ ਭੇਜੇ ਜਾਣ ਵਾਲੇ ਉਪਹਾਰਾਂ ਅਤੇ ਪੱਤਰਾਂ ਦੀ ਖਾਸ ਗੱਲ ਇਹ ਹੁੰਦੀ ਹੈ ਕਿ ਇਹ ਦਿਲ ਦੇ ਆਕਾਰ ਦੇ ਹੁੰਦੇ ਹਨ। ਅਕਸਰ ਸੁੱਕੇ ਮੇਵੇ, ਕੇਕ ਜਾਂ ਚਾਕਲੇਟ ਆਦਿ ਨੂੰ ਪੱਤੇ ਦੇ ਆਕਾਰ ਦੇ ਡੁਬਿਆਂ ਵਿਚ ਪੈਕ ਕਰਕੇ ਭੇਜਿਆ ਜਾਂਦਾ ਹੈ । ਵੈਲਨਟਾਈਨ ਦਿਵਸ ਨੂੰ ਦਿਲ (ਦਿਲ ਦਾ ਆਕਾਰ ਪੱਤੇ ਵਰਗਾ ਮੰਨਿਆਂ ਜਾਂਦਾ ਹੈ) ਦੇ ਆਕਾਰ ਦਾ ਉਪਹਾਰ ਭੇਜਣ ਦਾ ਮਤਲਬ ਹੁੰਦਾ ਹੈ ਕਿ ਭੇਜਣ ਵਾਲਾ ਤੁਹਾਨੂੰ ਤਹਿ ਦਿਲ ਤੋਂ ਪਿਆਰ ਕਰਦਾ ਹੈ, ਅਤੇ ਇਸ ਦਾ ਇਜ਼ਹਾਰ ਵੀ ਕਰਦਾ ਹੈ। ਕਈ ਲੋਕ ਇਸ ਦਿਨ ਨੂੰ ਆਪਣੇ ਦੋਸਤਾਂ ਮਿੱਤਰਾਂ ਨੂੰ ਗਰੀਟਿੰਗ ਕਾਰਡ ਜਾਂ ਉਪਹਾਰ ਵੀ ਭੇਜਦੇ ਹਨ, ਅਤੇ ਸ਼ੁਭ ਕਾਮਨਾਵਾਂ ਵੀ, ਪਰ ਆਪਣੇ ਨਜ਼ਦੀਕੀ ਦੋਸਤਾਂ ਨੂੰ ਉਪਹਾਰ ਭੇਜਣ ਸਮੇਂ ਜ਼ਰੂਰੀ ਨਹੀਂ ਕਿ ਦਿਲ ਦੇ ਆਕਾਰ ਦਾ ਉਪਹਾਰ ਜਾਂ ਕਾਰਡ ਹੀ ਭੇਜਿਆ ਜਾਵੇ। ਇਸ ਮੌਕੇ ਤੇ ਸਿਰਫ਼ ਦੋਸਤਾਂ ਨੂੰ ਹੀ ਵੈਲਨਟਾਈਨ ਕਾਰਡ ਆਦਿ ਭੇਜੇ ਜਾਂਦੇ ਹਨ ਅਤੇ ਰਿਸ਼ਤੇਦਾਰਾਂ ਜਾਂ ਭੈਣ, ਭਰਾ ਜਾਂ ਮਾਪਿਆਂ ਨੂੰ ਨਹੀਂ। ਜੇਕਰ ਕਿਸੇ ਵਿਰੋਧੀ ਲਿੰਗ ਦੇ (ਜਾਂ ਦੀ) ਦੋਸਤ ਨੂੰ ਵੈਲਨਟਾਈਨ ਤੋਹਫ਼ਾ ਜਾਂ ਕਾਰਡ ਭੇਜਣਾ ਹੋਵੇ ਤਾਂ ਸਾਧਾਰਣ ਹੀ ਭੇਜਿਆ ਜਾਂਦਾ ਹੈ, ਦਿਲ ਦੇ ਆਕਾਰ ਦਾ ਨਹੀਂ। ਦਿਲਾਕਾਰ ਤੋਹਫ਼ੇ ਜਾਂ ਕਾਰਡ ਸਿਰਫ਼ ਆਪਣੇ ਆਸ਼ਕ ਨੂੰ ਹੀ ਭੇਜੇ ਜਾਂਦੇ ਹਨ। ਦਿਲ ਨੂੰ ਇਸ਼ਕ ਦਾ ਪ੍ਰਤੀਕ ਹੀ ਮੰਨਿਆਂ ਜਾਂਦਾ ਹੈ, ਦੋਸਤੀ ਦਾ ਨਹੀਂ। ਕੀ ਇਸ਼ਕ ਦਾ ਸੰਕਲਪ ਭਾਰਤੀ ਜਾਂ ਪੰਜਾਬੀ ਸੱਭਿਆਚਾਰ ਵਿਚ ਹੈ ?

ਵੈਲਨਟਾਈਨ ਕਾਰਡਾਂ ਜਾਂ ਉਪਹਾਰਾਂ ਤੇ ਭੇਜਣ ਵਾਲੇ ਦਾ ਨਾਮ ਨਾ ਲਿਖਣ ਦੀ ਪ੍ਰੰਪਰਾ ਹੈ। ਭੇਜਣ ਵਾਲਾ ਆਪਣਾ ਨਾਮ ਨਹੀਂ ਲਿਖੇਗਾ ਅਤੇ ਸਿਰਫ਼ ਤੇਰਾ ਚਾਹੁਣ ਵਾਲਾ , ਸਿਰਫ਼ ਤੇਰਾ/ਤੇਰੀ , ਸਦਾ ਤੇਰਾ ਆਪਣਾ , ਹੋਰ ਕੌਣ ? , ਤੇਰਾ ਹਮਸਫ਼ਰ ਜਾਂ ਹੋਰ ਅਜਿਹੇ ਰੋਮਾਂਟਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਪੱਤਰ ਜਾਂ ਕਾਰਡ ਜਾਂ ਉਪਹਾਰ ਮਿਲਣ ਤੇ ਉਹ ਆਪਣੇ ਆਪਣ ਲਿਖਾਈ ਜਾਂ ਕਸੇ ਵਿਸ਼ੇਸ਼ ਚਿੰਨ ਜਾਂ ਹੋਰ ਕਿਸੇ ਆਧਾਰ ਤੇ ਸ਼ਬਦਾਂ ਵਿਚ ਛੁਪੇ ਪਿਆਰ ਦੀ ਭਾਵਨਾ ਅਤੇ ਡੂੰਘਾਈ ਨੂੰ ਸਮਝ ਜਾਂਦਾਹੈ ਅਤੇ ਫਿਰ ਉਸਤੇ ਵਿਚਾਰ ਕਰਦਾ ਹੈ। ਅੱਜ ਕੱਲ ਭਾਰਤ ਵਿਚ ਵੀ ਅਨੇਕਾਂ ਨੌਜਵਾਨ ਆਪਣੇ ਪ੍ਰੇਮੀ ਜਾਂ ਪ੍ਰੇਮਿਕਾ ਨੂੰ ਦਿਲ ਰੂਪੀ ਉਪਹਾਰ ਜਾਂ ਕਾਰਡ ਭੇਜ ਕੇ ਆਪਣੇ ਦਿਲ ਦੀਆਂ ਉਮੰਗਾਂ ਦਾ ਇਜ਼ਹਾਰ ਕਰਦੇ ਹਨ। ਕਾਰਡ ਉਪਹਾਰ ਮਿਲਣ ਤੇ ਬੁਰਾ ਨਹੀਂ ਮਨਾਇਆ ਜਾਂਦਾ ਹੈ ਅਤੇ ਸਵੀਕਾਰ ਜਾਂ ਅਸਵੀਕਾਰ ਕਰ ਦਿੱਤਾ ਜਾਂਦਾ ਹੈ। ਕਈ ਵਾਰ ਇਸ਼ਕ ਦੋਸਤੀ ਵਿਚ ਬਦਲ ਜਾਂਦਾ ਹੈ ਅਤੇ ਕਈ ਵਾਰ ਦੋਸਤੀ ਇਸ਼ਕ ਵਿਚ ! ਵਾਹ, ਕਿਥੇ ਪਹੁੰਚ ਗਏ ਹਾਂ ਅਸੀਂ ?

ਮਾਇਆ ਕਾਰਣਿ ਬਿਦਿਆ ਬੇਚਹੁ ਜਨਮ ਅਬਿਰਥਾ ਜਾਈ

ਲਖਵਿੰਦਰ ਸਿੰਘ ਮੌੜ ਮੰਡੀ

ਕੱਲ੍ਹ ਦੀ ਬਾਕੀ

?" ਦੋ ਦਿਨਾਂ ਇਹ ਹੜਤਾਲ ਸ਼ਰੇਆਮ ਅਦਾਲਤੀ ਫੈਸਲਿਆਂ ਦੀ ਤੌਹੀਨ ਹੈ, ਇਸ ਮੁਤਾਬਿਕ ਤਾਂ ਕੱਲ੍ਹ ਨੂੰ ਬਲਾਤਕਾਰੀ, ਸਮੱਗਲਰ, ਕਾਤਲ, ਰਾਠੌਰ ਵਰਗੇ ਪੁਲਿਸ ਅਧਿਕਾਰੀਆਂ ਦੀ ਜੁੰਡਲੀ ਵੀ ਕੋਰਟ ਕੰਪਲੈਕਸ ਵਿੱਚ ਭੁੱਖ ਹੜਤਾਲ ਕਰਕੇ ਬੈਠ ਜਾਵੇਗੀ ਅਤੇ ਦਬਾਅ ਪਾਵੇਗੀ ਕਿ ਸਾਡੇ ਨਾਲ ਕੀਤੇ ਪਾਪਾਂ ਲਈ ਕਾਨੂੰਨੀ ਸਖਤੀ ਕਿਉਂ ਵਰਤੀ ਜਾ ਰਹੀ ਐ "ਤਨਖਾਹ" ਦਾ ਜੇਕਰ ਸ਼ਾਬਦਿਕ ਅਰਥ ਕੱਢ ਕੇ ਵੇਖਿਆ ਜਾਵੇ ਤਾਂ ਤਨਖਾਹ ਦਾ ਅਰਥ ਨਿਰਾ-ਪੁਰਾ ਪੈਸਾ ਹੀ ਨਹੀਂ ਰਹਿ ਜਾਂਦਾ, ਸਗੋਂ ਤਨਖਾਹ ਦੀ ਪ੍ਰੀਭਾਸ਼ਾ ਬੜੀ ਭਾਵੁਕ ਬਣ ਜਾਂਦੀ ਹੈ "ਤਨਖਾਹ ਕਿਰਤੀ ਦੀ ਉਸ ਉਜਰਤ ਨੂੰ ਕਹਿੰਦੇ ਹਨ, ਜੋ ਉਸ ਨੂੰ ਸਖਤ ਸਰੀਰਕ ਅਤੇ ਮਾਨਸਿਕ ਮਿਹਨਤ ਦੌਰਾਨ, ਤਨ ਨੂੰ ਖੇਹ ਕਰਕੇ ਪ੍ਰਾਪਤ ਹੁੰਦੀ ਹੈ।" ਪਰ ਲਹੂ ਚੂਸ ਜਮਾਤ, ਮਾਇਆ ਕਾਰਨ ਵਿੱਦਿਆ ਵੇਚਣ ਵਾਲਾ ਵਰਗ 4000 ਤੋਂ ਉੱਪਰ ਬਣਦੇ 1480 ਰੁਪਏ ਅਧਿਆਪਕ ਤੋਂ ਹੀ ਵਸੂਲ ਕਰਕੇ ਉਸ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੰਦੇ ਹਨ, ਇਸ ਤਰ੍ਹਾਂ ਬੇਵੱਸਾਂ ਦੀ ਬੇ-ਵਸੀ ਦਾ ਕਮੀਨਗੀ ਨਾਲ ਫਾਇਦਾ ਉਠਾਇਆ ਜਾਂਦਾ ਹੈ। ਜੇਕਰ ਅਧਿਆਪਕ ਥੋੜ੍ਹਾ ਬਹੁਤ ਇਤਰਾਜ਼ ਕਰਦਾ ਹੈ ਜਾਂ ਘੱਟ ਤਨਖਾਹ ਦਾ ਜ਼ਿਕਰ ਕਰ ਬੈਠਦਾ ਹੈ ਤਾਂ ਪ੍ਰਬੰਧਕ ਕਮੇਟੀਆਂ ਵੱਲੋਂ ਟੀਚਿੰਗ ਸਟਾਫ ਵਿੱਚ ਆਪਣੇ ਮੁਖਬਰ ਫਿੱਟ ਕੀਤੇ ਹੀ ਹੁੰਦੇ ਹਨ, ਜੋ ਪੇਸ਼ਾਵਰ ਮੁਖਬਰ ਦੀ ਸ਼ਾਨਦਾਰ ਭੂਮਿਕਾ ਨਿਭਾਉਂਦੇ ਹੋਏ ਸਾਰੀ ਗੱਲ ਹਕੀਕਤ ਦਾ ਖੁਲਾਸਾ ਆਪਣੇ "ਪ੍ਰਭੂਆਂ" ਕੋਲ ਕਰ ਦਿੰਦੇ ਹਨ ਅਤੇ ਅਗਲੇ ਦਿਨ ਮਿਹਨਤਾਨਾ ਮੰਗਣ ਵਾਲੇ ਕਿਰਤੀ ਅਧਿਆਪਕ ਦਾ ਬਿਸਤਰਾ ਗੋਲ।" ਅਤੇ ਮਖਬਰ ਅਧਿਆਪਕ ਨੂੰ ਬਣਦਾ ਇਨਾਮ ਪ੍ਰਾਪਤ ਹੋ ਜਾਂਦਾ ਹੈ, ਅਜਿਹਾ ਕੰਮ ਆਮ ਤੌਰ 'ਤੇ ਹਾਰੀਆਂ ਸ਼ਿੰਗਾਰੀਆਂ, ਮਿੱਠੀ-ਮਿੱਠੀ ਮੁਸਕਾਨ ਬਿਖੇਰਨ ਵਾਲੀਆਂ ਫੀਮੇਲ ਅਧਿਆਪਕਾਵਾਂ ਦੇ ਜ਼ਿੰਮੇ ਸੌਂਪਿਆ ਜਾਂਦਾ ਹੈ, ਕਈ ਹਾਲਤਾਂ ਵਿੱਚ ਮਰਦ ਅਧਿਆਪਕ ਵੀ ਇਸ ਚੁਗਲਖੋਰ ਚੌਂਕੜੀ ਦੇ ਮੈਂਬਰ ਬਣਦੇ ਹਨ। ਅਜਿਹੇ ਅਧਿਆਪਕ-ਅਧਿਆਪਕਾਵਾਂ ਬੱਚਿਆਂ ਦੀ ਪੜ੍ਹਾਈ ਬਾਰੇ ਚਿਕਨੀਆਂ ਚੌਪੜੀਆਂ ਗੱਲਾਂ ਕਰਕੇ ਹੀ ਮਾਪਿਆਂ ਨੂੰ ਸੰਤੁਸ਼ਟ ਕਰਾ ਦਿੰਦੀਆਂ ਦਿੰਦੇ ਹਨ, ਅਜਿਹਾ "ਹੱਥ ਠੋਕੇ" ਮਾਇਆ ਕਾਰਨ ਵਿੱਦਿਆ ਵੇਚਣ ਵਾਲੇ ਸਕੂਲਾਂ ਦੇ ਥੰਮ ਸਮਝੇ ਜਾਂਦੇ ਹਨ। ਕਹਿਣ ਦਾ ਭਾਵ "ਥੁੱਕ ਨਾਲ ਪੈਂਚਰ" ਲਾਉਣ ਵਿੱਚ ਮਾਹਿਰ ਨਲਾਇਕ, ਬੁੱਧੀਹੀਣ ਬੁੱਧੂ ਅਧਿਆਪਕਾਵਾਂ ਜਿੱਥੇ ਆਪਣੇ ਹਿੱਤਾਂ ਨੂੰ ਰੋਲਣ ਵਿੱਚ ਢਿੱਲ ਨਹੀਂ ਕਰਦੀਆਂ, ਉੱਥੇ ਦੂਜੇ ਦੀ ਮਿਹਨਤ ਨੂੰ ਵੀ ਮਿੱਟੀ ਘੱਟੇ ਰੋਲਣ ਵਿੱਚ ਕਸਰ ਨਹੀਂ ਛੱਡਦੀਆਂ। ਤਲਖ ਹਕੀਕਤ ਬਿਆਨ ਕਰਨ ਲਈ ਖਿਮਾ...

ਇਸ ਗ੍ਰਹਿ ਧਰਤੀ 'ਤੇ ਜਿੱਥੇ ਚੋਰ, ਡਾਕੂ, ਲੁਟੇਰੇ, ਲਹੂ ਚੂਸ, ਵਿੱਦਿਆ ਦੇ ਵਪਾਰੀ ਮੌਜੂਦ ਹਨ, ਉੱਥੇ ਮਿਹਨਤਕਸ਼ਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਸੰਗਠਨ ਵੀ ਆਪਣੀ ਬਣਦੀ ਭੂਮਿਕਾ ਨਿਭਾਉਂਦੇ ਹਨ। ਗੁਰੂ ਨਾਨਕ ਸਕੂਲ ਬੱਸੀਆਂ (ਲੁਧਿਆਣਾ) ਦੇ ਇੱਕ ਅਧਿਆਪਕ ਨਾਲ ਵੀ ਅਜਿਹਾ ਹੀ ਵਾਪਰਿਆ, ਸੇਵਾ ਮੁਕਤ ਅਧਿਆਪਕ ਸ੍. ਅਜਮੇਰ ਸਿੰਘ "ਦਾਖਾ" ਵਰਗਿਆਂ ਨੇ ਸੰਘਰਸ਼ ਵਿੱਢਿਆ ਤਾਂ ਬੌਖਲਾਏ, ਸਕੂਲ ਪ੍ਰਬੰਧਕਾਂ ਨੇ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ, ਹੱਕ=ਸੱਚ ਲਈ ਲੜਨ ਵਾਲਿਆਂ ਨੂੰ ਧੌਲ ਧੱਫਾ ਕੀਤਾ ਜਬਰੀ ਕੱਢੇ ਅਧਿਆਪਕ ਤੋਂ ਨਿਰਅਧਾਰ ਦੋਸ਼ ਲਗਾਏ ਗਏ, ਕੁੱਝ ਭੋਲੇ-ਭਾਲੇ ਮਾਪਿਆਂ ਨੂੰ ਗਲਤ ਗਾਈਡ ਕਰਕੇ ਆਪਣੀ ਕੁਹਾੜੀ ਦੇ ਹੱਥੇ ਬਣਾਇਆ ਗਿਆ, ਲੇਕਿਨ ਅੰਤ ਜਿੱਤ ਸੱਚ ਦੀ ਹੋਈ। ਹੁਣ ਇਨ੍ਹਾਂ ਅਧਿਆਪਕਾਂ ਅਤੇ ਹੱਕ ਸੱਚ ਦੀ ਆਵਾਜ਼ ਪਛਾਨਣ ਵਾਲਿਆਂ ਦੇ ਉਦਮ ਸਦਕਾ " ਪ੍ਰਾਈਵੇਟ ਐਫੀਲੀਏਟਿਡ ਸਕੂਲ ਟੀਚਰ ਯੂਨੀਅਨ, ਪੰਜਾਬ ਹੋਂਦ ਵਿੱਚ ਆਈਆ ਹੈ, ਜਿਸ ਦਾ ਸੰਖੇਪ ਨਾਮ "ਪੈਸਟੂ" ਹੈ। ਇਹ ਜਥੇਬੰਦੀ ਕਾਨੂੰਨੀ ਚਾਰਾਜੋਈ ਦੇ ਨਾਲ-ਨਾਲ ਸੰਘਰਸ਼ੀ ਰਸਤਾ ਅਖਤਿਆਰ ਕਰਕੇ ਪ੍ਰਾਈਵੇਟ ਸਕੂਲ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਕਰੇਗੀ, ਮਾਇਆ ਕਾਰਣਿ ਵਿੱਦਿਆ ਵੇਚਣ ਵਾਲੇ ਵਰਗ ਨੂੰ ਨਕੇਲ ਪਾ ਕੇ ਰੱਖੀ ਜਾਵੇਗੀ, ਕਿਉਂਕਿ ਆਖਿਰਕਾਰ ਇਸ ਵਰਗ ਦੀ ਵੀ ਮਜਬੂਤੀ ਹੈ ਕਿ ਇਨ੍ਹਾਂ ਨੂੰ ਬੀ.ਐੱਡ ਬੀ.ਪੀ.ਐੱਡ ਡਿਗਰੀ, ਡਿਪਲੋਮਾ ਧਾਰਕ ਅਧਿਆਪਕਾਂ ਦੀ ਜ਼ਰੂਰਤ ਹੁੰਦੀ ਹੈ। ਨਵ ਨਿਰਮਾਣ ਪ੍ਰਾਈਵੇਟ ਸਕੂਲ ਅਧਿਆਪਕ ਯੂਨੀਅਨ ਦੇ ਸ਼ਲਾਘਾਯੋਗ ਉਪਰਾਲਿਆਂ ਸਦਕਾ ਇੱਕ ਕਮੇਟੀ ਦਾ ਗਠਨ ਹੋਣ ਜਾ ਰਿਹਾ ਹੈ, ਜਿਸ ਵਿੱਚ ਦੋ ਯੂਨੀਅਨ ਦੇ ਨੁਮਾਇੰਦੇ, ਸਕੂਲ ਪ੍ਰਬੰਧਕ, ਲੇਬਰ ਕਮਿਸ਼ਨਰ, ਸਿੱਖਿਆ ਸ਼ਾਸਤਰੀ ਆਦਿ ਲਏ ਜਾਣਗੇ, ਜੋ ਅਧਿਆਪਕਾਂ ਦੀ ਨਿਯੁਕਤੀ ਤੋਂ ਲੈ ਕੇ ਤਨਖਾਹਾਂ ਲੈਣ ਅਤੇ ਸਕੂਲ ਛੱਡਣ ਤੱਕ ਦੇ ਅਮਲ ਉੱਤੇ ਨਿਗਰਾਨੀ ਰੱਖੇਗਾ, ਲੇਖਕ ਸਾਰੇ ਅਧਿਆਪਕਾਂ ਨੂੰ ਮਸ਼ਵਰਾ ਦਿੰਦਾ ਹੈ ਕਿ ਸਾਰੇ ਇਸ ਜਥੇਬੰਦੀ ਦੇ ਮੈਂਬਰ ਬਣੋ ਅਤੇ ਆਪਣੇ ਹਿੱਤਾਂ ਦੀ ਰਾਖੀ ਲਈ ਸੰਗਠਤ ਹੋ ਕੇ ਏਕਤਾ ਦਾ ਮੁਜ਼ਾਹਰਾ ਕਰੋ, ਕਿਉਂਕਿ ਜੇਕਰ ਤਿੰਨ ਹਜ਼ਾਰ ਦੀ ਨਿਗੂਣੀ ਗਿਣਤੀ ਵਿੱਚ ਸਕੂਲ ਮਾਲਕ "ਰਾਸਾ" ਨਾਮ ਦੀ ਜਥੇਬੰਦੀ ਬਣਾ ਸਕਦੇ ਹਨ ਤਾਂ ਲੱਖਾਂ ਦੀ ਗਿਣਤੀ ਵਿੱਚ ਸਿੱਖਿਅਤ ਅਧਿਆਪਕ ਕਿਉਂ ਬਿਖਰੇ ਪਏ ਹਨ ਅਤੇ "ਕੱਲੇ-2 ਮਾਰ ਖਾ ਰਹੇ ਹਨ।

"ਕੱਲੇ-ਕੱਲੇ ਮਾਰ ਨਾ ਖਾਓ, ਸਕੂਲ ਅਧਿਆਪਕੋ ਇੱਕ ਹੋ ਜਾਓ"

ਇਨਸਾਨੀਅਤ ਦੇ ਨਾਮ 'ਤੇ ਸਕੂਲ ਪ੍ਰਬੰਧਕਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਅਧਿਆਪਕਾਂ ਦੀ ਵਿੱਦਿਅਕ ਯੋਗਤਾ ਦਾ ਸਹਾਰਾ ਲੈ ਕੇ ਤੁਸੀਂ ਆਪਣਾ "ਜੁਗਾੜ"ਚਲਾ ਰਹੇ ਹੋ, ਉਨ੍ਹਾਂ ਦੀ ਸੰਤੁਸ਼ਟੀ ਲਈ ਜੇਕਰ ਤੁਸੀਂ ਘੱਟ ਕਮਾਈ ਕਰ ਲਵੋਂਗੇ ਤਾਂ ਤੁਸੀਂ ਕਮਜ਼ੋਰ ਨਹੀਂ ਹੁੰਦੇ, ਸਗੋਂ ਸਕੂਲ ਦਾ ਮਿਆਰ ਹੀ ਉੱਚਾ ਹੋਵੇਗਾ, ਅਧਿਆਪਕ ਵਫਾਦਾਰ ਬਣਨਗੇ ਨਹੀਂ ਤਾਂ ਜਿੰਨੀ ਬੇ-ਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੀ ਜ਼ਰੂਰਤ ਹੈ, ਉਸ ਤੋਂ ਵੱਧ ਕੇ ਤਾਂ ਸਕੂਲ ਪ੍ਰਬੰਧਕਾਂ, ਮਾਲਕਾਂ ਨੂੰ ਸਿੱਖਿਅਤ, ਮਿਹਨਤੀ, ਸਮਰਪਿਤ, ਗੁਣਵਾਨ, ਤਜਰਬੇਕਾਰ ਅਤੇ ਹੋਣਹਾਰ ਅਧਿਆਪਕਾਂ ਦੀ ਜ਼ਰੂਰਤ ਹੈ, ਜਿਵੇਂ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ ਆਪਣੇ ਸਵੈ-ਮਾਣ ਅਤੇ ਸੇਵਾਵਾਂ ਦੀ ਸੁਰੱਖਿਆ ਲਈ ਤਤਪਰ ਹੋ ਚੁੱਕੇ ਹਨ ਅਤੇ ਇੱਕ ਦਿਨ ਲੁੱਟ-ਖਸੁੱਟ ਦੀਆਂ ਦੁਕਾਨਾਂ "ਮਾਇਆ ਕਾਰਣਿ ਵਿੱਦਿਆ ਵੇਚਣ ਵਾਲੇ ਕਾਰਖਾਨੇ ਬੰਦ ਹੋ ਜਾਣਗੇ, ਉਵੇਂ ਜਿਵੇਂ ਸਕੂਲ ਪ੍ਰਬੰਧਕਾਂ ਨੂੰ ਵੀ ਚਾਹੀਦਾ ਹੈ ਕਿ ਮਾਇਆ ਕਾਰਣਿ ਵਿੱਦਿਆ ਵੇਚਣ ਵਾਲੇ ਲੁਟੇਰੇ, ਲਹੂ-ਚੂਸ ਆਦਿ ਘਟੀਆ ਵਿਸ਼ੇਸ਼ਣਾਂ ਨੂੰ ਆਪਣੇ ਨਾਮ ਨਾਲੋਂ ਹਟਾਉਣ ਲਈ ਆਪਣੀਆਂ ਨੀਅਤਾਂ ਅਤੇ ਨੀਤੀਆਂ ਵਿੱਚ ਸੁਧਾਰ ਲਿਆਉਣ। ਜੇਕਰ ਜ਼ਿਆਦਾ ਨਹੀਂ ਕਰ ਸਕਦੇ ਘੱਟੋ-ਘੱਟ ਤਸੱਲੀਬਖਸ਼ ਤਨਖਾਹਾਂ ਤਾਂ ਅਧਿਆਪਕਾਂ ਨੂੰ ਦੇਵੋਂ ਕਿ ਲਹੂ ਚੂਸਣ 'ਤੇ ਲੱਕ ਬੰਨਿਆ ਹੋਇਐ ? ਜੇਕਰ ਪ੍ਰਾਈਵੇਟ ਸਕੂਲ ਮਾਲਕਾਂ ਨੇ ਆਪਣਾ ਰਵੱਈਆ ਨਾ ਬਦਲਿਆ, ਲੋਭ-ਲਾਲਚ ਵਾਲੀ ਪ੍ਰਵਿਰਤੀ ਨਾ ਤਿਆਗੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਨ੍ਹਾਂ ਨੂੰ ਸਿੱਖਿਅਤ ਅਧਿਆਪਕਾ ਦੀ ਲੋੜ ਪੂਰੀ ਕਰਨ ਲਈ ਜਿੱਥੇ ਹੱਥ ਜੋੜ-ਜੋੜ ਕੇ ਬੱਚਿਆਂ ਦੇ ਦਾਖਲੇ ਕਰਾਉਣੇ ਪੈਂਦੇ ਹਨ, ਉਥੇ ਘਰੋਂ-ਘਰੀਂ ਜਾ-ਜਾ ਕੇ ਅਧਿਆਪਕ ਲੈ ਕੇ ਆਉਣ ਦਾ ਵੇਲਾ ਵੀ ਆ ਜਾਵੇਗਾ, ਕਿਉਂਕਿ ਆਖਿਰ ਕਿੰਨਾ ਕੁ ਸਮਾਂ ਅਜਿਹੇ ਮਨਹੂਸ ਭਾਣੇ ਵਾਪਰਦੇ ਰਹਿਣਗੇ, ਜਦ ਤੱਕ ਤੁਸੀਂ ਆਪਣਾ ਢੰਮ-ਢਮਾ ਚਲਾ ਰਹੇ ਹੋ, ਤੁਸੀਂ ਸਾਧ ਹੋ (ਸਫੈਦਪੋਸ਼) ਜਦ ਫੜ੍ਹੇ ਗਏ ਤਾਂ ਤੁਹਾਨੂੰ ਚੋਰ ਹੀ ਕਿਹਾ ਜਾਵੇਗਾ। ਅਧਿਆਪਕਾਂ ਦੀ ਭਾਲ ਦਾ ਪਤਾ ਐਥੋ ਲੱਗਦਾ ਹੈ ਕਿ ਕਈ ਅਜਿਹੇ ਸਕੂਲ ਹਨ, ਜਿੱਥੇ ਮਹੀਨੇ ਵਿੱਚ ਵੀਹ ਵਾਰੀ ਅਖਬਾਰੀ ਇਸ਼ਤਿਹਾਰ ਛਪਵਾਉਣ ਤੇ ਵੀ ਅਧਿਆਪਕ ਨਹੀਂ ਪਹੁੰਚਦੇ, ਕਿਉਂਕਿ ਅੱਗੇ ਦੀ ਅੱਗੇ ਅਧਿਆਪਕਾਂ ਰਾਹੀਂ ਸਕੂਲ ਮਾਲਕ ਦੇ ਕਿਰਦਾਰ ਅਤੇ ਲਹੂ-ਚੂਸ ਪ੍ਰਵਿਰਤੀ ਦਾ ਪਤਾ ਚੱਲਦਾ ਰਹਿੰਦਾ, ਜਦੋਂ ਕਦੋ ਸੀ.ਬੀ.ਐੱਸ.ਈ. ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਟੀਮ ਨੇ ਸਕੂਲ ਵਿੱਚ ਦੌਰਾ ਕਰਨਾ ਹੁੰਦਾ ਹੈ, ਉਸ ਵੇਲੇ ਇਹ ਪ੍ਰਬੰਧਕ ਸਿੱਖਿਅਤ ਅਧਿਆਪਕਾਂ ਨੂੰ ਸਕੂਲ ਵਿੱਚ ਬੁਲਾਉਣ ਲੱਗਿਆ ਨੱਕ ਰਗੜਦੇ ਵੇਖੇ ਹਨ, ਉਧਰ ਭ੍ਰਿਸ਼ਟਾਚਾਰੀ ਦੌਰਾ ਕਰਨ ਵਾਲੀਆਂ ਟੀਮਾਂ ਵੀ ਪ੍ਰਬੰਧਕਾਂ ਦੇ "ਪਨੀਰ ਪਕੌੜਿਆਂ" ਦੀਆਂ ਪੱਟੀਆਂ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਖਾਨਾਪੂਰਤੀ ਕਰਕੇ ਚੱਲੀਆਂ ਜਾਂਦੀਆਂ ਹਨ ਅਤੇ ਕੁੱਝ ਸਾਡੇ ਅਧਿਆਪਕ ਸਾਥੀ ਵੀ ਇਨ੍ਹਾਂ ਟੀਮਾਂ ਨੂੰ ਸਹਿਯੋਗ ਨਹੀਂ ਦੇ ਰਹੇ, ਕਿਉਂਕਿ ਜੇਕਰ ਉਹ ਸਕੂਲ ਪ੍ਰਬੰਧਕਾਂ ਦੀ "ਬਿੱਲੀ ਝੋਲੇ ਵਿੱਚੋਂ" ਬਾਹਰ ਕੱਢਦੇ ਹਨ ਤਾਂ ਅਧਿਆਪਕਾਂ ਦੀ ਖੁਦ ਰੋਟੀ ਬਾਂਦਰਾਂ ਦੇ ਹੱਥ ਚੱਲੀ ਜਾਵੇਗੀ, ਸੇਵਾਵਾਂ ਸੁਰੱਖਿਅਤ ਨਾ ਹੋਣ ਕਾਰਨ ਅਦਾਲਤੀ ਫੈਸਲੇ ਵੀ ਆਪਣੇ ਸਾਰਥਿਕਤਾ ਗੁਆ ਬੈਠੇ ਹਨ, ਛਾਂਟੀ ਕੀਤੇ ਅਧਿਆਪਕ ਦੀ ਸੁਣਵਾਈ ਨਾ ਹੋਣ ਕਾਰਨ ਜਾਂ ਸੁਣਵਾਈ ਮਹਿੰਗੀ, ਹੋਣ ਕਾਰਨ ਮਾਇਆ ਕਾਰਣਿ ਵਿੱਦਿਆ ਵੇਚਣ ਵਾਲੇ ਦਾ ਪੱਲੜਾ ਭਾਰੂ ਰਹਿੰਦਾ ਹੈ। ਕਈਆਂ ਸਕੂਲਾਂ ਵਿੱਚ ਮੈਂ ਵੇਖਿਆ ਹੈ ਕਿ ਸਰੀਰਕ ਸਿੱਖਿਆ ਅਧਿਆਪਕ ਦੀ ਯੋਗਤਾ ਹੀ ਪੂਰੀ ਨਹੀਂ ਹੁੰਦੀ, ਲੇਕਿਨ ਚੈਕਿੰਗ ਟੀਮਾਂ ਅੰਨੀਆਂ ਬੋਲੀਆਂ ਮਾਇਆਧਾਰੀਆਂ ਦੀਆਂ ਜੋਟੀਦਾਰ ਹੋਣ ਕਾਰਨ ਸਭ ਕੁਝ 'ਠੀਕ ਹੈ' ਲਿਖ ਭੇਜਦੀਆਂ ਹਨ, ਇਸ ਸੰਬੰਧ ਵਿੱਚ ਮੈ ਫੋਨ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ੍. ਦਲਬੀਰ ਸਿੰਘ ਢਿੱਲੋਂ ਸਾਹਿਬ ਨਾਲ ਗੱਲ ਕਰਨੀ ਚਾਹੀ, ਪਰ ਨਾ ਹੋਈ, ਪਰ ਉਨ੍ਹਾਂ ਦੇ ਪੀ.ਆਰ.ਓ. ਨਾਲ ਗੱਲ ਹੋਈ, ਜਿਨ੍ਹਾਂ ਨੇ ਕੋਈ ਅਜਿਹਾ ਉੱਤਰ ਨਹੀਂ ਦਿੱਤਾ, ਜੋ ਸਿੱਧ ਕਰੇ ਕਿ ਪੰਜਾਬ ਸਕੂਲ ਬੋਰਡ ਵਾਕਿਆ ਹੀ ਪ੍ਰਾਈਵੇਟ ਸਕੂਲ ਅਧਿਆਪਕਾਂ ਦੇ ਹਿੱਤਾਂ ਲਈ ਸੰਜੀਦਾ ਹੈ, ਬਾਕੀ ਰਹੀ ਗੱਲ ਸਰਕਾਰਾਂ ਦੀ, ਜ਼ਿਲ੍ਹਾ ਪ੍ਰਸ਼ਾਸ਼ਨ ਦੀ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਏਥੇ ਵੀ ਸਭ ਦੇ ਮੂੰਹ ਖੂਨ ਲੱਗਿਆ ਹੋਇਐ। ਇਸ ਲਈ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਅਧਿਆਪਕ ਯੂਨੀਅਨ (ਪੈਸਟੂ) ਦੇ ਮੈਂਬਰ ਬਣੋ ਅਤੇ

ਆਪਣੀ ਰਾਖੀ ਆਪ ਕਰੋ, ਸਰਕਾਰਾਂ ਤੋਂ ਨਾ ਝਾਕ ਕਰੋ ਅਤੇ ਸੜਕਾਂ ਤੇ ਆ ਕੇ ਜ਼ੋਰ-ਜ਼ੋਰ ਨਾਲ ਗੱਜ ਕੇ ਆਖੋ ਮਾਇਆ ਕਾਰਣਿ ਵਿੱਦਿਆ ਵੇਚਣ ਵਾਲਾ ਲੁਟੇਰਾ ਵਰਗ-ਮੁਰਦਾਬਾਦ-ਮੁਰਦਾਬਾਦ।

ਪ੍ਰਸੰਨ ਲੰਬੀ ਉਮਰ

ਜੀ.ਐੱਸ.ਬੇਦੀ

ਅੱਜ ਵਿਗਿਆਨ ਦਾ ਇੰਨਾ ਬੋਲਬਾਲਾ ਹੈ ਕਿ ਇਸ ਦੇ ਜਾਲ ਵਿੱਚ ਫਸ ਕੇ ਅਸੀਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਰਥਿਕ ਸੰਕਟ ਨੂੰ ਦੂਰ ਕਰਨ ਦੇ ਬਹਾਨੇ ਇਸ ਦੀ ਲਪੇਟ ਵਿੱਚ ਆ ਰਹੇ ਹਾਂ। ਤਿਉਂ-ਤਿਉਂ ਸਾਡੀ ਜੀਵਨ ਚਾਲ ਡਗਮਗਾ ਰਹੀ ਹੈ। ਲੰਮੀ ਉਮਰ ਤੇ ਫਿਰ ਪ੍ਰਸੰਨ ਲੰਮੀ ਉਮਰ ਸਿਰਫ ਦੋ ਚੀਜ਼ਾਂ ਤੇ ਨਿਰਭਰ ਕਰਦੀ ਹੈ। ਉਹ ਦੋ ਚੀਜ਼ਾਂ ਹਨ ਆਤਮਿਕ ਤੇ ਸਰੀਰਕ ਬਲ ਜਿਸਨੂੰ ਆਤਮਿਕ ਤੇ ਸਰੀਰਕ ਸ਼ਕਤੀ ਕਹਿੰਦੇ ਹਾਂ। ਇਨ੍ਹਾਂ ਦੋਵਾਂ ਦਾ ਮੁੱਖ ਕੰਮ ਇੱਕ ਦੂਜ ਤੇ ਨਿਰਭਰ ਕਰਦਾ ਹੈ। ਕਿਸੇ ਨੇ ਕਿਹਾ ਸੀ ਕਿ ਪਹਿਲਾਂ ਮੁਰਗੀ ਹੋਈ ਸੀ ਕਿ ਪਹਿਲਾਂ ਅੰਡਾ। ਬਿਲਕੁਲ ਮੁਰਗੀ ਤੇ ਅੰਡੇ ਦੀ ਬੁਝਾਰਤ ਵਾਂਗ ਸਰੀਰਕ ਬਲ ਤੇ ਆਤਮਿਕ ਬਲ ਇੱਕ ਦੂਜੇ ਤੇ ਨਿਰਭਰ ਕਰਦੇ ਹਨ।

ਸਿਆਣੇ ਕਹਿੰਦੇ ਹਨ ਕਿ "ਜੈਸਾ ਖਾਈਏ ਅੰਨ ਤੈਸਾ ਹੋਵੇ ਮਨ"

ਆਓ ਮਨ ਦੀਆਂ ਉਡਾਰੀਆਂ ਤੋਂ ਬਚਣ ਲਈ ਇਸ ਗੱਲ ਵੱਲ ਧਿਆਨ ਦੇਈਏ ਕਿ ਜਿੰਨਾ ਸਾਦਾ ਭੋਜਨ ਖਾਧਾ ਜਾਵੇਗਾ, ਓਨਾ ਹੀ ਮਨ ਠੀਕ ਰਹੇਗਾ। ਆਓ ਚਟਪਟੇ ਤੇ ਚੇਸ਼ਟਾਵਾਂ ਪੈਦਾ ਕਰਨ ਵਾਲੇ ਭੋਜਨ ਤੋਂ ਸਕੋਚ ਕਰੀਏ। ਤੁਹਾਡੇ ਸਾਦੇ ਭੋਜਨ ਤੇ ਖੁਰਾਕ ਵਿੱਚ ਸਭ ਤੋਂ ਪਹਿਲਾਂ ਤਾਂ ਪਾਣੀ ਹੀ ਆਉਂਦਾ ਹੈ। ਦਿਨ ਵਿੱਚ ਘੱਟ ਤੋਂ ਘੱਟ 4-5 ਗਲਾਸ ਪਾਣੀ ਜ਼ਰੂਰ ਪੀਣਾ ਬਹੁਤ ਹੀ ਲਾਭਕਾਰੀ ਸਿੱਧ ਹੁੰਦਾ। ਇਸ ਦੀ ਵੱਧ ਤੋਂ ਵੱਧ ਵਰਤੋਂ ਬਹੁਤ ਸਾਰੇ ਤਰਲ ਪਦਾਰਥਾਂ ਨਾਲੋਂ ਵੀ ਵੱਧ ਗੁਣਕਾਰੀ ਹੈ ਤੇ ਸਰੀਰ ਦੀ ਅੰਦਰਲੀ ਸਫਾਈ ਹੀ ਨਹੀਂ ਸਗੋਂ ਸਰੀਰ ਅੰਦਰ ਪੈਦਾ ਹੋਏ ਗੰਦੇ ਪਦਾਰਥ ਤੇ ਤੱਤ ਸਾਫ ਕਰਦਾ ਹੈ। ਅਲ ਵਿੱਚ ਇਸ ਸਾਰੇ ਦੇ ਮਗਰ ਸਾਡੀ ਪ੍ਰਕਿਰਤੀ ਹੈ। ਅਸੀਂ ਆਪਣੀ ਖੁਰਾਕ ਦੀ ਪੂਰਤੀ ਲਈ ਜਿੰਨਾ ਵੀ ਪ੍ਰਾਕ੍ਰਿਤਕ ਚੀਜ਼ਾਂ ਦਾ ਸੇਵਨ ਕਰਾਂਗੇ ਓਨਾ ਹੀ ਸਾਡੇ ਅੰਦਰ ਘੱਟ ਵਿਕਾਰ ਪੈਦਾ ਹੋਣਗੇ। ਇਸ ਦੇ ਨਾਲ ਦਾਲਾਂ ਤੇ ਸਬਜ਼ੀਆਂ ਦਾ ਵੀ ਵੱਡਾ ਹੱਥ ਹੈ। ਸਬਜ਼ੀਆਂ ਵਿੱਚ ਗਾਜਰ ਆਦਿ ਤਾਂ ਪਕਾ ਕੇ ਖਾਣ ਨਾਲੋਂ ਕੱਚੀ ਬਹੁਤ ਹੀ ਗੁਣਕਾਰੀ ਸਾਬਤ ਹੁੰਦੀ ਹੈ। ਇਸੇ ਤਰ੍ਹਾਂ ਹੋਰ ਫਲ ਆਦਿ ਵੀ ਮੌਸਮ ਅਨੁਸਾਰ ਸਰੀਰਕ ਬਲ ਤੇ ਸ਼ਕਤੀ ਲਈ ਵੀ ਬਹੁਤ ਹੀ ਗੁਣਕਾਰੀ ਹਨ ਤੇ ਸਭ ਤੋਂ ਵੱਡਾ ਲਾਭ ਜਿਹੜਾ ਇਨ੍ਹਾਂ ਤੋਂ ਮਿਲਦਾ ਹੈ ਉਹ ਹੈ ਕਿ ਇਨ੍ਹਾਂ ਦੀ ਵਰਤੋਂ ਨਾਲ ਵਿਗਿਆਨ ਦੇ ਯੁੱਗ ਵਿੱਚ ਭਜ ਦੌੜ ਵਾਲੇ ਦਿਮਾਗੀ ਪ੍ਰੇਸ਼ਾਨੀਆਂ ਦੇਣ ਵਾਲੇ ਰੋਗਾਂ ਤੋਂ ਛੁੱਟੀ ਮਿਲਦੀ ਹੈ। ਅੱਜ ਕੱਲ੍ਹ ਦਿਮਾਗੀ ਪ੍ਰੇਸ਼ਾਨੀ, ਦਿਲ ਦੇ ਰੋਗ, ਕੋਲੈਸਟਰੋਲ, ਲਹੂ ਦੇ ਚੱਕਰ ਦਾ ਵੱਧਣਾ ਘੱਟਣਾ ਆਦਿ ਵੀ ਆਪ ਦੇ ਭੋਜਨ ਵਿੱਚ ਲੱਸਣ, ਪਿਆਜ਼, ਗਾਜਰ ਆਦਿ ਦੀ ਅਧਿਕ ਵਰਤੋਂ ਨਾਲ ਠੀਕ ਕੀਤੇ ਜਾ ਸਕਦੇ ਹਨ। ਇਨ੍ਹਾਂ ਨਾਲ ਸਾਡੇ ਪੇਟ ਅੰਦਰ ਹਲਕਾਪਨ ਆ ਜਾਂਦਾ ਹੈ ਤੇ ਹੋਰ ਬਹੁਤ ਸਾਰੇ ਵਿਕਾਰਾਂ ਤੋਂ ਪੈਦਾ ਹੋਣ ਵਾਲੀ ਅਸ਼ਾਂਤੀ ਤੋਂ ਬਚ ਕੇ ਸ਼ਾਂਤੀ ਮਿਲਦੀ ਹੈ। ਜੀਭ ਨਾਲ ਬੱਝੀਆਂ ਬਹੁਤ ਸਾਰੀਆਂ ਚੇਸ਼ਟਾਵਾਂ ਖਤਮ ਹੋ ਜਾਂਦੀਆਂ ਹਨ। ਇਸੇ ਲੜੀ ਵਿੱਚ ਆ ਜਾਂਦੇ ਹਨ ਸਾਡੇ ਕ੍ਰੋਧ ਘਬਰਾਹਟ ਆਦਿ ਵਰਗੀਆਂ ਗੱਲਾਂ। ਜਿਨ੍ਹਾਂ ਨੂੰ ਸਾਦੀ ਖੁਰਾਕ ਰਾਹੀਂ ਬੜੀ ਅਸਾਨੀ ਨਾਲ ਕਾਬੂ ਵਿੱਚ ਲਿਆ ਜਾ ਸਕਦਾ ਹੈ। ਜਿਉਂ-ਜਿਉਂ ਅਸੀਂ ਪ੍ਰਾਕ੍ਰਿਤਕ ਚੀਜ਼ਾਂ ਦਾ ਸੇਵਨ ਕਰਾਂਗੇ ਤਿਉਂ ਤਿਉਂ ਪ੍ਰਸੰਨ ਲੰਮੀ ਉਮਰ ਤੇ ਪੰਜ ਵੱਡੇ ਵੈਰੀ ਕਾਮ, ਕ੍ਰੋਧ, ਲੋਭ, ਮੋਹ, ਅੰਹਾਕਰ ਵੀ ਖਤਮ ਹੋ ਜਾਣਗੇ। ਇਨ੍ਹਾਂ ਪੰਜ ਵਿਕਾਰਾਂ ਦਾ ਖਾਤਮਾ ਸਾਦਾ ਜੀਵਨ ਤੇ ਸਾਦਾ ਭੋਜਨ ਨਾਲ ਹੀ ਖਤਮ ਹੋ ਸਕਦਾ ਹੈ। ਇਸੇ ਵਿੱਚ ਰਾਜ ਹੈ ਤੁਹਾਡੀ ਪ੍ਰਸੰਨ ਲੰਮੀ ਉਮਰ ਦਾ।

ਪ੍ਰਸੰਨ ਲੰਬੀ ਉਮਰ ਭੋਗਣ ਲਈ ਆਤਮਿਕ ਤੇ ਸਰੀਰਕ ਬਲ ਦੀ ਬਹੁਤ ਹੀ ਲੋੜ ਹੈ। ਇਨ੍ਹਾਂ ਦੋਵਾਂ ਬਲਾਂ ਦਾ ਇੱਕ ਦੂਜੇ ਨਾਲ ਬਹੁਤ ਹੀ ਗੂੜ੍ਹਾ ਸਬੰਧ ਹੈ ਤੇ ਦੋਵੇਂ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਜੀਵਨ ਵਿੱਚ ਵਿਚਰਦੇ ਸਮੇਂ ਸਾਨੂੰ ਕਈ ਤਰ੍ਹਾਂ ਦੀਆਂ ਆਤਮਿਕ ਤੇ ਸਰੀਰਕ ਗੱਲਾਂ ਨਾਲ ਵਿਚਰਨਾ ਪੈਂਦਾ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਵਾਰੀ ਸਾਡੀਆਂ ਆਤਮਿਕ ਸਮੱਸਿਆਵਾਂ ਦਾ ਤਨਾਓ ਵੀ ਸਰੀਰਕ ਚਾਲ ਨਾਲ ਠੀਕ ਹੋ ਜਾਂਦਾ ਹੈ। ਇਸ ਲਈ ਸਭ ਤੋਂ ਜ਼ਰੂਰੀ ਚੀਜ਼ ਸਾਦਾ ਭੋਜਨ ਸਾਡੇ ਸਰੀਰ ਦੇ ਲਹੂ ਚੱਕਰ ਤੇ ਹੋਰ ਪ੍ਰਕਿਰਿਆ ਨੂੰ ਠੀਕ ਰੱਖਦਾ ਹੈ। ਇਸ ਨਾਲ ਸਾਡੀ ਪਾਚਨ ਕਿਰਿਆ ਠੀਕ ਰਹਿੰਦੀ ਹੈ। ਮਿਹਦੇ ਤੇ ਸਰੀਰ ਦੇ ਹੋਰ ਅੰਗਾਂ ਨੂੰ ਲੋੜ ਤੋਂ ਵੱਧ ਕੰਮ ਕਰਨਾ ਨਹੀਂ ਪੈਂਦਾ ਹੈ ਇੱਕ ਪੇਟ ਹੀ ਐਸਾ ਅੰਗ ਹੈ ਜਿਸ ਦੀ ਖਰਾਬ ਸਥਿਤੀ ਇੱਕ ਨਹੀਂ ਸੈਂਕੜੇ ਰੋਗਾਂ ਨੂੰ ਜਨਮ ਦਿੰਦੀ ਹੈ। ਅੱਜ ਤੋਂ ਜੇਕਰ ਅਸੀਂ ਹਰੀਆਂ ਸਬਜ਼ੀਆਂ ਤੇ ਸਲਾਦ ਆਦਿ ਦੀ ਅਧਿਕ ਵਰਤੋਂ ਸ਼ੁਰੂ ਕਰ ਦੇਈਏ ਤਾਂ ਯਕੀਨੀ ਤੌਰ ਤੇ ਜੀਵਨ ਦੇ ਸਵਾਸ ਹੀ ਨਹੀਂ ਵਧਾਵਾਂਗੇ ਸਗੋਂ ਖੁਸ਼ਹਾਲ ਜ਼ਿੰਦਗ ਬਤੀਤ ਕਰਾਂਗੇ। ਇਹ ਕਹਾਵਤ ਆਮ ਪ੍ਰਚੱਲਤ ਹੈ ਕਿ ਇਲਾਜ ਨਾਲੋਂ ਪਰਹੇਜ਼ ਚਗਾ ਹੈ। ਅੱਜ ਦਾ ਰੁਝਾਨ ਚਟਪਟੇ ਵੱਲ ਹੈ। ਇਹ ਚਟਪਟਾਪਨ ਤੇ ਚੇਸ਼ਟਾ ਤੇਜ਼ ਕਰਨ ਵਾਲੀਆਂ ਚੀਜ਼ਾਂ ਹੀ ਸਾਡੀ ਪਾਚਨ ਕਿਰਿਆ ਨੂੰ ਖਰਾਬ ਕਰ ਦਿੰਦੀਆਂ ਹਨ ਤੇ ਮੰਦ ਬੁੱਧੀ ਨੂੰ ਜਨਮ ਦਿੰਦੀਆਂ ਹਨ ਤੇ ਸਰੀਰ ਅਤੇ ਦਿਮਾਗ ਵਿੱਚ ਕਈ ਤਰ੍ਹਾਂ ਦੇ ਵਿਕਾਰ ਪੈਦਾ ਕਰਦੀਆਂ ਹਨ। ਇਨ੍ਹਾਂ ਪੇਟ ਦੇ ਵਿਕਾਰਾਂ ਨਾਲ ਸਿਰਫ ਸਰੀਰ ਤੇ ਹੀ ਭੈੜਾ ਅਸਰ ਨਹੀਂ ਹੁੰਦਾ ਸਗੋਂ ਆਤਮਿਕ ਬਲ ਤੇ ਵੀ ਅਸਰ ਪੈਂਦਾ ਹੈ। ਸੋਚ ਸ਼ਕਤੀ ਤੇ ਯਾਦ ਸ਼ਕਤੀ ਵੀ ਕਮਜ਼ੋਰ ਹੁੰਦੀ ਹੈ ਤੇ ਮਨ ਵਿੱਚ ਕਈ ਤਰ੍ਹਾਂ ਦੀਆਂ ਚੇਸ਼ਟਾਵਾਂ ਵੀ ਪੈਦਾ ਹੁੰਦੀਆਂ ਹਨ। ਇਹ ਚੇਸ਼ਟਾਵਾਂ ਮਨੁੱਖ ਨੂੰ ਗਲਤ ਰਸਤੇ ਤੇ ਤੋਰਦੀਆਂ ਹਨ। ਚਿਹਰੇ ਦੀ ਰੌਣਕ ਤੇ ਮੁਸਕਾਨ ਖਤਮ ਹੋ ਜਾਂਦੀ ਹੈ ਤੇ ਇਸ ਦੀ ਜਗ੍ਹਾ ਮੱਲ ਲੈਂਦੀ ਹੈ ਤੇ ਚਿਹਰੇ ਦੀ ਬੇਰੌਣਕੀ, ਚਿਹਰੇ ਤੇ ਪੀਲਾਪਨ ਅਥਵਾ ਕੁਦਰਤੀ ਸੁੰਦਰਤਾ ਕਿਤੇ ਉੱਡ ਜਾਂਦੀ ਹੈ।

ਸੋ ਜੇਕਰ ਤੁਸੀਂ ਸੁੱਖੀ, ਖੁਸ਼ਹਾਲ, ਖੁਸ਼ੀਆਂ ਭਰਪੂਰ, ਅਰੋਗ ਜੀਵਨ ਅਥਵਾ ਪ੍ਰਸੰਨ ਲੰਮੀ ਉਮਰ ਭੋਗਣਾ ਚਾਹੁੰਦੇ ਹੋ ਤਾਂ ਜੀਵਨ ਨੂੰ ਸਧਾਰਣ ਬਣਾਓ, ਕੱਪੜੇ ਤੇ ਖੁਰੈਕ ਸਧਾਰਣ ਸੇਵਨ ਕਰੋ, ਭਜਨ ਬੰਦਗੀ ਵੱਲ ਧਿਆਨ ਦਿਓ ਤੇ ਚੰਗੇ ਕਰਮ ਕਰੋ।

ਜੀਵ ਜੰਤੂਆਂ ਬੂਟਿਆਂ ਨੂੰ

ਧਰਤੀ ਹੇਠਲਾ ਪਾਣੀ ਜੇਕਰ ਏਦਾਂ ਹੀ ਹੇਠਾਂ ਜਾਵੇਗਾ,
ਜੀਵ-ਜੰਤੂਆਂ ਬੂਟਿਆਂ ਨੂੰ ਫਿਰ ਦੱਸੋ ਕੌਣ ਬਚਾਏਗਾ।
ਜੀਵ-ਜੰਤੂਆਂ ਬੂਟਿਆਂ ਦੀ ਜਿੰਦ-ਜਾਨ ਲੋਕੋ ਪਾਣੀ ਹੈ,
ਮੁਫਤ ਵਿੱਚ ਮਿਲੀ ਸੌਗਾਤ ਦੀ, ਕਦਰ ਤੁਸਾਂ ਨਾ ਜਾਣੀ ਹੈ।
ਬੂੰਦ-ਬੂੰਦ ਨੂੰ ਤਰਸੋਂਗੇ, ਇੱਕ ਦਿਨ ਐਸਾ ਆਵੇਗਾ,
ਜੀਵ-ਜੰਤੂਆਂ ਬੂਟਿਆਂ ਨੂੰ...।
ਕਿੰਨਾ ਪਾਣੀ ਹਰ ਰੋਜ਼ ਲੋਕੋ ਅਜਾਈਂ ਤੁਸੀਂ ਗੰਵਾਉਂਦੇ ਹੋ,
ਪਵਿੱਤਰ ਪਾਣੀ ਪਲੀਤ ਨਾ ਕਰੋ, ਪ੍ਰਦੂਸ਼ਣ ਕਿਵੇਂ ਫੈਲਾਉਂਦੇ ਹੋ।
ਗੰਦਾ ਪਾਣੀ ਸਰੀਰ ਵਿੱਚ ਜਾ ਕੇ ਲੋਕੋ ਨਵੇਂ ਰੋਗ ਫੈਲਾਵੇਗਾ,
ਜੀਵ-ਜੰਤੂਆਂ ਬੂਟਿਆਂ ਨੂੰ...।
ਰੁੱਖਾਂ ਦੀ ਕਟਾਈ ਕਾਰਨ ਵਰਖਾ ਘੱਟਦੀ ਜਾਂਦੀ ਹੈ,
ਵਰਖਾ ਦੇ ਇਸ ਘਟਣ ਕਾਰਨ ਗਰਮੀ ਵੱਧਦੀ ਜਾਂਦੀ ਹੈ।
ਗਰਮੀ ਜਦੋਂ ਬਹੁਤੀ ਵੱਧ ਗਈ ਸਭ ਮਾਰੂਥਲ ਬਣ ਜਾਵੇਗਾ,
ਜੀਵ-ਜੰਤੂਆਂ ਬੂਟਿਆਂ ਨੂੰ...।
ਬਾਗ ਬਗੀਚੇ ਜਦ ਨੇ ਸੁੱਕਣੇ ਰੰਗ-ਬਿਰੰਗੇਫੁੱਲ ਨੇ ਸੁੱਕਣੇ,
ਚੌਹੀਂ ਪਾਸੀਂ ਹੋਊ ਉਦਾਸੀ ਮਹਿਕਾਂ ਨੇ ਫਿਰ ਮਨ ਨੀਂ ਲੁੱਟਣੇ।
ਬਹਾਰਾਂ ਨੇ ਜ ਰੁਸ ਕੇ ਤੁਰਨਾ, ਫਿਰ ਕਿਹੜਾ ਮੋੜ ਲਿਆਵੇਗਾ,
ਜੀਵ-ਜੰਤੂਆਂ ਬਟਿਆਂ ਨੂੰ...।
ਮਹਿੰਗੀ ਸੌਗਾਤ ਕਾਦਰ ਦੀ ਨੂੰ, ਜੇਕਰ ਤੁਸਾਂ ਬਚਾਉਣਾ ਹੈ,
ਵੱਧ ਤੋਂ ਵੱਧ ਦਰੱਖਤਾਂ ਨੂੰ ਇਸ ਧਰਤੀ ਉੱਤੇ ਲਾਉਣਾ ਹੈ।
ਬਹੁਤ ਪਾਣੀ ਪੀਣ ਦੀਆਂ ਫਸਲਾਂ, ਜੇ ਨਾ ਬੰਗਾ ਘਟਾਏਗਾ,
ਜੀਵ-ਜੰਤੂਆਂ ਬੂਟਿਆਂ ਨੂੰ...।
ਆਉਣ ਵਾਲੀਆਂ ਪੀੜ੍ਹੀਆਂ 'ਅਮਰੀਕ' ਮੁਆਫ ਕਦੇ ਨਾ ਕਰਨਗੀਆਂ,
ਤੁਹਾਡੀਆਂ ਬੱਜਰ ਗਲਤੀਆਂ ਨੂੰ 'ਤਲਵੰਡੀ' ਕਿਵੇਂ ਜਰਨਗੀਆਂ।
ਸਮੇਂ ਦੀ ਜੇ ਨਾ ਰਮਜ਼ ਪਛਾਣੀਂ, ਫਿਰ ਹਰ ਸਖਸ਼ ਪਛਤਾਏਗਾ,
ਜੀਵ-ਜੰਤੂਆਂ ਬੂਟਿਆਂ ਨੂੰ....।

ਅਮਰੀਕ ਸਿੰਘ ਤਲਵੰਡੀ

ਮਸਤੀ 'ਚ ਮੈਨੂੰ ਮਦਹੋਸ਼ ਕਰਕੇ

ਇੱਕ ਆਵਾਜ਼ ਮੇਰੇ ਦਿਲ ਦੇ ਸਾਜ ਤੇ, ਐਸੇ ਗੀਤ ਗਾਉਂਦੀ ਏ।
ਮਸਤੀ ਵਿੱਚ ਮੈਨੂੰ ਮਦਹੋਸ਼ ਕਰਕੇ, ਸੱਚ-ਮੁੱਚ ਝੂਮਣ ਲਾਉਂਦੀ ਏ।
ਇਹ ਆਵਾਜ਼ ਮੇਰੀ ਜ਼ਿੰਦਗੀ ਦਾ ਚਾਨਣ,
ਮੈਂ ਇੰਨਾ ਕਿਉਂ ਖੀਵਾ ਰਹਿਣਾ। ਦੁਨੀਆਂ ਵਾਲੇ ਕੀ ਇਹ ਜਾਨਣ,
ਮੇਰੇ ਮਨ ਦੇ ਬਾਗ ਬਗੀਚੇ ਨਵੇਂ-ਨਵੇਂ ਫੁੱਲ ਖਿੜਾਉਂਦੀ ਏ,
ਮਸਤੀ ਵਿੱਚ ਮੈਨੂੰ ਮਦਹੋਸ਼ ਕਰਕੇ, ਇਸ ਆਵਾਜ਼ ਨੂੰ ਸੁਣਨ ਦੇ ਲਈ ਮੇਰੇ
ਕੰਨ ਤਰਸਦ ਰਹਿੰਦੇ ਨੇ। ਇੱਕ ਦਿਨ ਜੇ ਆਵਾਜ਼ ਨਾ ਆਏ,
ਕੀ ਹੋ ਗਿਆ ਮੈਨੂੰ ਕਹਿੰਦੇ ਨੇ, ਦਿਲਾਂ ਨੂੰ ਦਿਲਾਂ ਦੇ ਮਹਿਕੇ ਹੁੰਦੇ,
ਝੱਟ ਕੁੰਡੀ ਖੜਕਾਉਂਦੀ ਏ, ਮਸਤੀ ਵਿੱਚ ਮੈਨੂੰ ਮਦਹੋਸ਼ ਕਰਕੇ...।
ਇਹ ਆਵਾਜ਼ ਮਰੇ ਪੈਸੇ ਨੂੰ, ਨੱਚਣ ਲਈ ਮਜ਼ਬੂਰ ਹੈ ਕਰਦੀ।
ਆਪ-ਮੁਹਾਰੇ ਜੀਭਾਂ ਗਾਵੇ, ਪਤਾ ਨ੍ਹੀਂ ਕਿੱਥੋਂ ਪ੍ਰੇਰਣਾ ਭਰਦੀ।
ਰੋਮ-ਰੋਮ ਮੇਰਾ ਨੱਚਣ ਲੱਗੇ, ਇਹ ਧੱਕੇ ਨਾ ਸਿੱਧਾ ਪਵਾਉਂਦੀ ਏ,
ਮਸਤੀ ਵਿੱਚ ਮੈਨੂੰ ਮਦਹੋਸ਼ ਕਰਕੇ... ।ਇਸ ਆਵਾਜ਼ ਨੂੰ ਸੁਣ ਕੇ ਸੋਚਾਂ,
ਹੋਰ ਕਿਸੇ ਦੀ ਲੋੜ ਨਹੀਂ। ਜਦੋਂ ਦੀ ਇਹ ਮੇਰੇ ਕੰਨੀਂ ਪਈ,
ਰਹੀ ਵੀ ਕੋਈ ਥੋੜ ਨਹੀਂ 'ਅਮਰੀਕ ਤਲਵੰਡੀ' ਵਾਲੇ ਤੋਂ
ਰਚਨਾ ਰੋਜ਼ ਰਚਾਉਂਦੀ ਏ, ਮਸਤੀ ਵਿੱਚ ਮੈਨੂੰ ਮਦਹੋਸ਼ ਕਰਕੇ.।

ਅਮਰੀਕ ਸਿੰਘ ਤਲਵੰਡੀ

ਮਿੰਨੀ ਕਹਾਣੀਆਂ

ਸੁਝਾਓ

"ਪੰਜਾਬ ਸਰਕਾਰ ਵੱਡੇ-ਵੱਡੇ ਘਪਲੇਬਾਜ਼ਾਂ ਨੂੰ ਫੜ ਰਹੀ ਹੈ। ਇਸ ਦਾ ਗਰੀਬ ਲੋਕਾਂ ਨੂੰ ਕੀ ਫਾਇਦਾ ਹੋਊ ?" ਸੋਹਣੇ ਅਮਲੀ ਨੇ ਸੱਥ ਵਿੱਚ ਬੈਠੇ ਕਈ ਬੰਦਿਆਂ ਨੂੰ ਪੁੱਛਿਆ।

"ਅੱਗੇ ਤੋਂ ਰਿਸ਼ਤਵਖੋਰੀ ਭਰਿਸ਼ਟਾਚਾਰ ਖਤਮ ਹੋਊ ?" ਇਸ ਦਾ ਫਾਇਦਾ ਲੋਕਾਂ ਨੂੰ ਹੀ ਹੋਵੇਗਾ।" ਬਲਵੰਤ ਨੇ ਜਵਾਬ ਦਿੱਤਾ।

"ਆਉਣ ਵਾਲੇ ਸਮੇਂ ਵਿੱਚ ਤਾਂ ਫਾਇਦਾ ਹੋਵੇਗਾ, ਪਰ ਉਨ੍ਹਾਂ ਦੇ ਕੀਤੇ ਘਪਲਿਆਂ ਦਾ ਕੀ ਬਣੇਗਾ ?" ਸੋਹਣੇ ਨੇ ਅੱਗੇ ਪੁੱਛਿਆ।

"ਉਨ੍ਹਾਂ ਨੂੰ ਘਪਲੇ ਕਰਨ ਬਦਲੇ ਸਜਾ ਹੋਵੇਗੀ।" ਬਲਵੰਤ ਨੇ ਕਿਹਾ।

"ਸਜਾ ਕੱਟ ਕੇ ਤਾਂ ਉਹ ਆ ਜਾਣਗੇ, ਪਰ ਰਿਸ਼ਵਤਖੋਰੀ, ਭਰਿਸ਼ਟਾਚਾਰ ਦੁਆਰਾ ਇੱਕਠਾ ਕੀਤਾ ਪੈਸਾ ਤਾਂ ਉਨ੍ਹਾਂ ਦੇ ਕੋਲ ਹੀ ਰਹੇਗਾ ?" ਸੋਹਣੇ ਨੇ ਅੱਗੇ ਪੁੱਛਿਆ।

"ਹੋਰ ਉਹ ਤੈਨੂੰ ਦੇਣਗੇ, ਉਹ ਤਾਂ ਉਨ੍ਹਾਂ ਕੋਲ ਹੀ ਰਹੂ।" ਬਲਵੰਤ ਨੇ ਕਿਹਾ।

"ਨਹੀਂ ਯਾਰ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਭਰਿਸ਼ਟੇ ਬੰਦਿਆਂ ਦੁਆਰਾ ਇੱਕਠਾ ਕੀਤਾ ਕਾਲਾ ਧੰਨ ਗਰੀਬ ਲੋਕਾਂ ਵਿੱਚ ਵੰਡਿਆ ਜਾਵੇ ਤਾਂ ਜ਼ਿਆਦਾ ਠੀਕ ਐ ?" ਸੋਹਣੇ ਅਮਲੀ ਨੇ ਆਪਣਾ ਸੁਝਾਅ ਦਿੱਤਾ।

"ਇਹ ਸੁਝਾਓ ਤਾਂ ਸਰਕਾਰ ਨੂੰ ਤੂੰ ਦੇ।" ਬਲਵੰਤ ਨੇ ਸੋਹਣੇ ਅਮਲੀ ਦੀ ਗੱਲ ਦਾ ਮੋੜ ਦਿੱਤਾ।

ਦਰਸ਼ਨ ਸਿੰਘ ਪ੍ਰੀਤੀਮਾਨ

ਭਿੱਟ

ਉਹ ਆਪਣੇ ਆਪ ਨੂੰ ਬੜਾ ਹੀ ਸਾਫ ਸੁਥਰਾ ਤੇ ਦਾਨੀ ਪੁਰਸ਼ ਸਮਝਦਾ ਸੀ। ਸ਼ਾਮ ਸਵੇਰੇ ਗੁਰੂ ਘਰ ਵੀ ਬਹੁਤ ਜਾਂਦਾ, ਪਰ ਜਦੋਂ ਖੁਰਲੀ ਕੋਲ ਬੈਠੇ ਮਜ਼ਦੂਰ ਨੂੰ ਰੋਟੀ ਫੜ੍ਹਾਉਂਦਾ ਤਾਂ ਦੂਰੋਂ ਹੀ ਇਸ ਤਰਵਾਂ ਵਗਾ ਮਾਰਦਾ ਜਿਵੇਂ ਕਿਸੇ ਕੁੱਤੇ ਨੂੰ...। ਇੱਕ ਦਿਨ ਕਾਲਜ ਵਿੱਚ ਪੜ੍ਹਦਾ ਉਸ ਦਾ ਮੁੰਡਾ ਕਹਿਣ ਲੱਗਾ ਬਾਪੂ ਗਿੰਦਰ ਨੂੰ ਰੋਟੀ ਤਾਂ ਚੱਜ ਨਾਲ ਫੜਾ ਦਿਆ ਕਰ ?

ਉਸ ਨੇ ਆਪਣੇ ਕਾਲਜ ਪੜ੍ਹਦੇ ਮੁੰਡੇ ਵੱਲ ਘੂਰ ਕੇ ਵੇਖਿਆ "ਤੇ ਬੋਲਿਆ ਚੁੱਪ ਕਰਕੇ ਬੈਠਾ ਰਹਿ ਆਇਆ ਵੱਡਾ ਪਿਓ ਨੂੰ ਮੱਤਾਂ ਦੇਣ ਵਾਲਾ।

ਇਸ ਦੇ ਵਿੱਚ ਮੱਤਾਂ ਦੇਣ ਵਾਲੀ ਕਿਹੜੀ ਗੱਲ ਐ ਬਾਪੂ।

ਤੇ ਹੋਰ ਤੈਨੂੰ ਨੀਂ ਪਤਾ ਜੇ ਮੈਂ ਭਿੱਟਿਆ ਗਿਆ ਤਾਂ ਸਵੇਰ ਸ਼ਾਮ ਗੁਰੂ ਘਰ ਜਾਣ ਦਾ ਕੀ ਫਾਇਦਾ ?

ਮੁੰਡਾ ਖੁਰਲੀ ਕੋਲ ਬੈਠੇ ਗਿੰਦਰ ਵੱਲ ਵੇਖ ਕੇ ਪਹਿਲਾਂ ਥੋੜ੍ਹਾ ਹੱਸਿਆ ਤੇ ਫਿਰ ਉਸ ਦੇ ਹੱਥੋਂ ਖੱਨੀ ਰੋਟੀ ਲੈ ਕੇ ਖਾਣ ਲੱਗਾ। ਹੁਣ ਦਾਨੀ ਪੁਰਸ਼ ਨੂੰ ਅਜੀਬ ਤਰ੍ਹਾਂ ਦੀ ਤਰੇਲੀ ਆ ਰਹੀ ਸੀ।

ਕੰਵਲਜੀਤ ਭੋਲਾ

ਮਾੜੀ

ਗੀਟਨ ਕਹਿਣ ਲੱਗਾ ਲੋਕ ਕਹਿੰਦੇ ਸ਼ਰਾਬ ਮਾੜੀ ਐ। ਮੈਨੂੰ ਤਾਂ ਮਾੜੀ ਨਹੀਂ ਲੱਗਦੀ, ਮਾੜੀ ਨਹੀਂ ਲੱਗਦੀ ?

ਬਿਲਕੁਲ ਨਹੀਂ ,ਪੈੱਗ ਲਾ ਕੇ ਖਾ ਕੇ ਪੈ ਜਾਈਦਾ ਵਧੀਆ ਨੀਂਦ ਆ ਜਾਂਦੀ ਐ, ਫੇਰ ਮੈਂ ਮਾੜੀ ਕਿਸ ਤਰ੍ਹਾਂ ਕਹਾਂ ?

ਠੀਕ ਐ ਭਾਈ, ਤੇਰੇ ਲਈ ਕਾਹਦੀ ਮਾੜੀ ਐ, ਮਾੜੀ ਤਾਂ ਉਨ੍ਹਾਂ ਤੇਰੇ ਜੁਆਕਾਂ ਲਈ ਐ ਜਿੰਨਾ ਨੂੰ ਭੁੱਖੇ ਸੌਣਾ ਪੈਂਦਾ ਹੈ। ਹੁਣ ਕੈਲੂ ਬੁੜੇ ਦੀ ਗੱਲ ਗੀਟਣ ਕੋਲ ਕੋਈ ਜੁਆਬ ਨਹੀਂ ਸੀ।

ਕੰਵਲਜੀਤ ਭੋਲਾ

ਸਿਆਸਤ ਵਿੱਚ ਕੁੱਟਮਾਰ ਅੱਜ ਕੱਲ੍ਹ ਭਾਰੂ ਹੈ

ਨਗਰ ਨਿਗਮਾਂ ਦਾ ਕੰਮ ਭਾਵੇਂ ਸ਼ਹਿਰ ਸੁਧਾਰੂ ਹੈ, ਪਰ ਰਾਜਨੀਤੀ ਵਿੱਚ ਕੁੱਟਮਾਰ ਅੱਜ ਕੱਲ੍ਹ ਭਾਰੂ ਹੈ।
ਜਲੰਧਰ ਨਗਰ ਨਿਗਮ ਪ੍ਰੈੱਸ ਚਰਚਾ ਭਾਰੂ ਹੈ, ਭਾਟੀਆ ਸ਼ਰਮਾ ਕੁੱਟਮਾਰ ਸੁਰਖੀ ਅਖਬਾਰੂ ਹੈ।
ਸਿਆਸਤ ਦੀ ਸ਼ਤਰੰਜ ਹੁਣ ਕੋਈ ਬਜਾਰੂ ਹੈ, ਮੁਲਾਜ਼ਮਾਂ ਢਾਹਿਆ ਮੇਅਰ ਖੋਜ ਵਿਚਾਰੂ ਹੈ।
ਬਾਦਲ ਦੀ ਸਰਕਾਰ ਤੇ ਰੌਲਾ-ਰੱਪਾ ਜਾਰੀ ਹੈ, ਮੱਕੜ ਕਾਲੀਆ ਵਿਵਾਦ ਖਬਰ ਅਖਬਾਰੂ ਹੈ।
ਵਿਧਾਨ ਸਭਾ ਕੁੱਟਮਾਰ ਵਿਧਾਇਕ ਜਾਰੂ ਹੈ, ਤੱਕੜੇ ਸੱਤੀ ਵੀਂਹ ਸੌ ਪੱਟੀ ਕਵਿਤਾ ਵਿਚਾਰੂ ਹੈ।
ਕੁਰਸੀ ਪਿੱਛੇ ਸਿਆਸਤ ਵਿੱਚ ਦਲ-ਬਦਲੂ ਜਾ ਰਿਹੈ
ਅਜੋਕਾ ਨੇਤਾ ਪੈਸੇ ਪਿੱਛੇ ਵੋਟਰ ਚਾਰੂ ਹੈ।

ਕੁਲਦੀਪ ਸਿੰਘ ਪੱਟੀ